**Shikshan Sanshodhan : Journal of Arts, Humanities and Social Sciences** ISSN: 2581-6241
Monthly, Peer-Reviewed, Refereed, Indexed Journal Impact Factor: 5.146
Volume - 5, Issue - 8, AUGUST - 2022 Publication Date: 31/08/2022

DOIs:10.2018/SS/202208008 --:-- Research Article (WSRC-2022)

# ਪਰਵਾਸੀ ਪੰਜਾਬੀ ਸਮੁਦਾਇ ਦੇ ਮਸਲਿਆਂ ਦਾ ਗਲਪੀ ਮਾਡਲ: ਪਰਵਾਸ ਦੀ ਪਰਵਾਜ਼

**ਡਾ. ਕਿਰਨਦੀਪ ਕੌਰ**
ਡੀ.ਏ.ਵੀ. ਕਾਲਜ,
ਜਲੰਧਰ।
**Email -** dhotkiran@ymail.com

ਪਰਵਾਸੀ ਪੰਜਾਬੀ ਕਹਾਣੀ ਬਰਤਾਨੀਆਂ ਤੋਂ ਆਪਣੀ ਸਿਰਜਨਾ ਦੀ ਸ਼ੁਰੂਆਤ ਕਰਕੇ ਯੂਰਪ ਦੇ ਕੁਝ ਮੁਲਕਾਂ, ਅਮਰੀਕਾ, ਕੈਨੇਡਾ, ਅਫਰੀਕਨ ਦੇਸ਼ਾਂ ਤੱਕ ਗਿਣਾਤਮਕ ਅਤੇ ਗੁਣਾਤਮਕ ਦੋਹਾਂ ਪੱਖਾਂ ਤੋਂ ਆਪਣਾ ਵਿਸਥਾਰ ਅਤੇ ਪਾਸਾਰ ਕਰ ਚੁੱਕੀ ਹੈ। ਪੰਜਾਬੀ ਕਹਾਣੀ ਦਾ ਅੰਤਰਰਾਸ਼ਟਰੀ ਪਰਿਪੇਖ ਉਸਾਰਨ ਵਿੱਚ ਇਸਦਾ ਵਿਸ਼ੇਸ਼ ਯੋਗਦਾਨ ਹੈ।

ਧਨਵੰਤ ਕੌਰ ਦੁਆਰਾ ਸੰਪਾਦਿਤ ਪੁਸਤਕ 'ਪਰਵਾਸ ਦੀ ਪਰਵਾਜ਼' ਵਿਚ ਕੈਲਾਸ਼ ਪੁਰੀ, ਰਘਬੀਰ ਢੰਡ, ਦਰਸ਼ਨ ਧੀਰ, ਸੰਤੋਖ ਧਾਲੀਵਾਲ, ਹਰਜੀਤ ਅਟਵਾਲ, ਵੀਨਾ ਵਰਮਾ ਇੰਗਲੈਂਡ ਤੋਂ, ਡਾ. ਜਗਜੀਤ ਬਰਾੜ, ਬਲਦੇਵ ਸਿੰਘ ਗਰੇਵਾਲ, ਪ੍ਰੋ: ਹਰਭਜਨ ਸਿੰਘ, ਰਾਣੀ ਨਰਿੰਦਰ, ਪ੍ਰਵੇਜ ਸੰਧੂ, ਸੁਰਿੰਦਰ ਸੋਹਲ ਅਮਰੀਕਾ ਤੋਂ, ਜਰਨੈਲ ਸਿੰਘ, ਅਮਰਜੀਤ ਚਾਹਲ, ਅਮਨਪਾਲ ਸਾਰਾ, ਹਰਪ੍ਰੀਤ ਸੇਖਾਂ, ਗੁਰਮੀਤ ਪਨਾਗ ਕੈਨੇਡਾ ਤੋਂ ਆਦਿ ਕਹਾਣੀਕਾਰਾਂ ਦੀਆਂ ਸਤਾਰ੍ਹਾਂ ਕਹਾਣੀਆਂ ਸ਼ਾਮਿਲ ਕੀਤੀਆਂ ਹਨ। ਪਰਵਾਸੀ ਪੰਜਾਬੀ ਸਮੁਦਾਇ ਦੀਆਂ ਵਿਭਿੰਨ ਪਰਤਾਂ ਨੂੰ ਬਾਖੂਬੀ ਦਰਸ਼ਾਉਦੀਆਂ ਇਹ ਕਹਾਣੀਆਂ ਇਕ ਨਵੀਂ ਕਿਸਮ ਦੇ ਗਲਪੀ ਮਾਡਲ ਦੀ ਸਿਰਜਨਾ ਕਰਦੀਆਂ ਹਨ। ਇਹ ਪਰਵਾਸੀ ਚੇਤਨਾ ਦੇ ਮਹੱਤਵਪੂਰਨ ਅੰਗਾਂ ਝੂਹੇਰਵਾ, ਨਸਲੀ ਵਿਤਕਰਾ, ਸਭਿਆਚਾਰਕ ਤਨਾਉ, ਪੀੜੀ-ਪਾੜਾ ਆਦਿ ਦੀ ਪੇਸ਼ਕਾਰੀ ਦੇ ਨਾਲ ਨਾਲ ਉਨ੍ਹਾਂ ਵਿਭਿੰਨ ਕਾਰਨਾਂ, ਸਥਿਤੀਆਂ, ਵਿਸੰਗਤੀਆਂ ਦੇ ਪ੍ਰਤੀ ਉਹਨਾਂ ਨੂੰ ਵੀ ਗਲਪੀ ਰੂਪ ਪ੍ਰਦਾਨ ਕਰਦੀਆਂ ਹਨ ਜੋ ਪਰਵਾਸੀ ਪੰਜਾਬੀ ਮਨੁੱਖ ਦੀ ਹੋਂਦ ਤੋਂ ਹੋਣੀ ਨੂੰ ਨਿਰਧਾਰਿਤ ਕਰਨ ਵਿਚ ਕੇਂਦਰੀ ਭੂਮਿਕਾ ਨਿਭਾ ਰਹੇ ਹਨ। ਪਰਵਾਸੀ ਪੰਜਾਬੀ ਕਹਾਣੀ ਸਾਹਿਤ ਵਿਚ ਨਸਲੀ ਵਿਤਕਰੇ / ਨਸਲਵਾਦ ਦੀ ਭਰਪੂਰ ਪੇਸ਼ਕਾਰੀ ਹੋਈ ਮਿਲਦੀ ਹੈ। ਇਹ ਕਹਾਣੀਆਂ ਵਿਤਕਰੇ ਤੋਂ ਬਾਅਦ ਨਸਲਵਾਦੀ ਸਰੋਕਾਰਾਂ ਨੂੰ ਪੂੰਜੀਵਾਦੀ, ਸਾਮੰਤਵਾਦੀ, ਵਿਚਾਰਧਾਰਕ ਤੇ ਸਭਿਆਚਾਰਕ ਪਿਛੋਕੜ ਵਿਚੋਂ ਲੱਭਣ ਦਾ ਪ੍ਰਭਾਵ ਵੀ ਦਿੰਦੀਆਂ ਹਨ। ਨਸਲੀ ਵਿਤਕਰੇ ਦੀਆਂ ਵਿਭਿੰਨ ਪਰਤਾਂ ਇਸਦੀ ਪਿੱਠਭੂਮੀ ਵਿਚ ਕਾਰਜ਼ਸ਼ੀਲ ਵਿਭਿੰਨ ਆਰਥਿਕ, ਸਮਾਜਿਕ, ਰਾਜਨੀਤਿਕ ਕਾਰਨਾ, ਵਿਚਾਰਧਾਰਕ ਸੰਕਲਪਾਂ ਨਾਂਹ-ਮੁੱਖੀ ਸਿੱਟਿਆਂ ਨੂੰ ਵਿਸ਼ੇਸ਼ ਤੌਰ ਤੇ ਬਚਨੀ, ਹੂੰ, ਫਿੱਟਿਆ ਦੁੱਧ, ਪਾਣੀ, ਗਰਾਉਂਡ ਜ਼ੀਰੋ, ਆਪਣਾ ਖੂਹ ਕਹਾਣੀਆਂ ਪ੍ਰਤਿਬਿੰਬਤ ਕਰਦੀਆਂ ਹਨ। 'ਬਚਨੀ' ਕਹਾਣੀ ਪਰਵਾਸੀ ਪੰਜਾਬੀ ਮਨੁੱਖ ਦੀ ਉਸ ਦਵੰਦਮਈ ਜੀਵਨ ਸਥਿਤੀ ਨੂੰ ਪ੍ਰਸਤੁਤ ਕਰਦੀ ਹੈ ਜਿਸ ਵਿਚ ਔਰਤ ਪਾਤਰ ਬਚਨੀ ਆਪਣਿਆਂ ਅਤੇ ਬੇਗਾਨੇ ਲੋਕਾਂ ਦੇ ਗਲਤ ਵਤੀਰੇ ਨੂੰ ਝਲਦੀ ਹੈ। ਬਚਨੀ ਵਰਗਾ ਪਾਤਰ ਬਾਹਰ ਦੀਆਂ ਕਮਾਈਆਂ ਅਤੇ ਉਥੋਂ ਦੀਆਂ ਖੁੱਲ੍ਹਾਂ ਤੋਂ ਤਾਂ ਖੁਸ਼ ਹੈ ਪਰ ਗੋਰੀਆਂ ਦੀਆਂ ਵਧੀਕੀਆਂ ਉਸ ਤੋਂ ਬਰਦਾਸ਼ਤ ਨਹੀਂ ਹੁੰਦੀਆਂ ਜਦੋਂ ਕਿ ਨਾਲ ਕੰਮ ਕਰਨ ਵਾਲੀਆਂ ਪੰਜਾਬੀ ਔਰਤਾਂ ਵੀ ਕਿਤੇ ਨਾ ਕਿਤੇ ਉਸ ਤੋਂ ਖਾਰ ਖਾਂਦੀਆਂ ਹਨ ਪਰ ਜਦੋਂ ਕਹਾਣੀ ਦੇ ਅੰਤ ਤੇ ਗੋਰੀਆਂ ਵਲੋਂ ਦੂਸਰੀਆਂ ਪੰਜਾਬੀ ਔਰਤਾਂ ਨਾਲ ਕੀਤੀ ਜਾਂਦੀ ਵਿਅੰਗ ਭਰੀ ਚੋਟ ਉਸ ਤੋਂ ਬਰਦਾਸਤ ਨਹੀਂ ਹੁੰਦੀ ਤਾਂ ਉਹ ਬਿਨਾਂ ਕੁਝ ਸੋਚੇ-ਸਮਝੇ ਆਪਣੇ ਅੰਦਰਲੇ ਮਨ ਦੀ ਕਰਦੀ ਹੈ।

> "ਇਹ ਸੁਣਦਿਆਂ ਹੀ ਬਚਨੀ ਦੇ ਚੋਂਹ ਕਪੜੀਂ ਅੱਗ ਲੱਗ ਗਈ। ਉਹਨੂੰ ਪਤਾ ਵੀ ਨਾ ਲੱਗਾ ਤੇ ਅਗਲੇ ਪਲ ਉਹ ਰੋਜ਼ਮੇਰੀ ਦੇ ਸਾਹਮਣੇ ਖੜ੍ਹੀ ਡਾਹਢੇ ਰੁਹਬ 'ਚ ਗੱਲ ਪੁੱਛ ਰਹੀ ਸੀ, "ਰੋਜ਼ਮੇਰੀ ਯੂ-ਵੱਟ ਸੇ।" ਅਜੇ ਰੋਜ਼ਮੇਰੀ ਸ਼ਾਇਦ ਸਮਝੀ ਵੀ ਨਹੀਂ ਸੀ ਕਿ ਤੜਾਕ ਕਰਦੀ ਚਪੇੜ ਉਸਦੀ ਖੱਬੀ ਗੱਲ ਤੇ ਜਾ ਵੱਜੀ।" 1

ਨਿਰੋਲ ਵਖਰੇ ਸਮਾਜ ਵਿਚ ਆਪਣੀ ਵੱਖਰੀ ਹੋਂਦ ਦਾ ਅਹਿਸਾਸ ਇਕ ਪਰਵਾਸੀ ਨੂੰ ਪਰੇਸ਼ਾਨ ਕਰਦਾ ਹੈ ਅਤੇ ਵਿਅੰਗਾਤਮਕ ਦ੍ਰਿਸ਼ਟੀ ਤੇ ਕਥਨਾ ਦਾ ਸਾਹਮਣਾ ਵੀ ਉਸਨੂੰ ਕਰਨਾ ਪੈਂਦਾ ਹੈ। ਜਿਸ ਤੋਂ ਮੁਕਤ ਹੋਣ ਲਈ ਪਰਵਾਸੀ ਨੂੰ ਮਾਨਸਿਕ ਜੱਦੋ-ਜਹਿਦ ਵਿਚੋਂ ਗੁਜ਼ਰਨਾ ਪੈਂਦਾ ਹੈ। ਇਸ ਪਰਿਪੇਖ ਵਿਚ ਡਾ. ਹਰਚੰਦ ਸਿੰਘ ਬੇਦੀ ਦੀ ਟਿਪੱਣੀ ਮਹੱਤਵਪੂਰਣ ਹੈ:-

> "ਪਰਵਾਸੀ ਦੀਆਂ ਆਪਣੀਆਂ ਧਾਰਮਿਕ, ਸਭਿਆਚਾਰਕ ਤੇ ਸਮਾਜਿਕ ਮਾਨਤਾਵਾਂ ਤੇ ਆਸਥਾਵਾਂ ਹਨ। ਨਵਾਂ ਪਰਿਪੇਖ ਇਨ੍ਹਾਂ ਲਈ ਨਾ ਸਿਰਫ ਉਪਰਾ ਹੈ ਸਗੋਂ ਇਨਾਂ੍ਹ ਦੀ ਤਰਜ਼ੇ ਜ਼ਿੰਦਗੀ ਦੇ ਘੋਰ ਵਿਪਰੀਤ ਵੀ ਹੈ। ਗੋਰਿਆਂ ਨੇ ਉਸਨੂੰ ਰੁਜ਼ਗਾਰ ਦੇਣ ਤੋਂ ਪਹਿਲਾਂ ਉਸ ਦੀ ਧਾਰਮਿਕ ਤੇ ਸਭਿਆਚਾਰਕ ਸ਼ਨਾਖਤ ਨੂੰ ਛਾਂਗਿਆ ਅਤੇ ਆਪਣੇ ਅਨੁਕੂਲ ਬਣਾ ਕੇ ਡੋਲਿਆ, ਉਸਨੂੰ ਉਸ ਦੇ ਸਮੁੱਚੇ ਵਿਅਕਤੀਗਤ ਤੇ ਇਤਿਹਾਸਕ ਸੰਦਰਭ ਤੋਂ ਵਿਛੁੰਨਣ ਦੀ ਕੋਸ਼ਿਸ਼ ਕੀਤੀ ਹੈ।" 2

ਬਚਨੀ ਕਹਾਣੀ ਵਿਚ ਇਸਤਰੀ ਪਾਤਰ ਨੂੰ ਆਪਣੇ ਨਾਲ ਕੰਮ ਕਰਦੀਆਂ ਅੰਗਰੇਜ਼ ਔਰਤਾਂ ਦੀਆਂ ਨਸਲੀ ਟਿਪੱਣੀਆਂ, ਨਸਲੀ ਵਿਵਹਾਰ ਦਾ ਨਿਰੰਤਰ ਸਾਹਮਣਾ ਕਰਨਾ ਪੈਂਦਾ ਹੈ। ਜਿਸਦਾ ਕੋਈ ਵੀ ਉੱਤਰ ਦੇਣ ਤੋਂ ਉਹ ਅਸਮਰਥ ਹੈ। ਲੇਖਕਾ ਨਸਲੀ ਵਿਤਕਰੇ ਦੀ ਪਿੱਠਭੂਮੀ ਵਿਚ ਕਾਰਜ਼ਸ਼ੀਲ ਉਹਨਾਂ ਆਰਥਿਕ ਕਾਰਨਾਂ ਤੋਂ ਪਰਦਾ ਚੁੱਕਦੀ ਹੈ ਜਿਸ ਵਿਚ ਮੁੱਖ ਸਭਿਆਚਾਰ ਨਾਲ ਸੰਬੰਧਤ ਧਿਰਾਂ ਇਸ ਪੂਰਵ ਨਿਸ਼ਚਿਤ ਧਾਰਨਾਵਾਂ ਦਾ ਪ੍ਰਗਟਾਵਾ ਕਰਦੀਆਂ ਹਨ ਕਿ ਬਾਹਰੋਂ ਆਏ ਲੋਕ ਤਾਂ ਆਰਥਿਕ ਸਮਿ੍ਧੀ ਪ੍ਰਾਪਤ ਕਰ ਰਹੇ ਹਨ ਤੇ ਉਹ ਖੁਦ ਤੰਗੀ ਦੇ ਸ਼ਿਕਾਰ ਹਨ। ਰਘੁਵੀਰ ਢੰਡ ਦੀ ਕਹਾਣੀ

"ਹੂੰ" ਨਸਲਵਾਦੀ ਵਿਵਹਾਰ ਦੀਆਂ ਵਿਭਿੰਨ ਪਰਤਾਂ ਨੂੰ ਉਘਾੜਨ ਦੀ ਵਿਸ਼ੇਸ਼ ਤੌਰ ਤੇ ਮੁੱਖ ਸਭਿਆਚਾਰ ਨੂੰ ਦਿੱਤੀ ਜਾਂਦੀ ਤਰਜ਼ੀਹ ਦੀ ਬਾਤ ਪਾਉਂਦੀ ਹੈ | ਗੋਰੇ ਉਪਰੋਂ ਤਾਂ ਮਿੱਠਬੋਲੜੇ, ਅਪਣੱਤ ਨਾਲ ਭਰੇ ਪਰ ਅੰਦਰੋਂ ਦੂਜੇ ਮੁਲਕ ਵਿਚੋਂ ਆਏ ਲੋਕਾਂ ਨਾਲ ਦੂਜੈਲਾ ਵਤੀਰਾ ਕਰਦੇ ਹਨ | ਉੱਚੀ ਪਦਵੀ ਸਿਰਫ ਗੋਰਿਆਂ ਨੂੰ ਪ੍ਰਾਪਤ ਹੁੰਦੀ ਹੈ | ਹੁਨਰ ਹੋਣ ਦੇ ਬਾਵਜੂਦ ਇਕ ਪਰਵਾਸੀ ਪੰਜਾਬੀ ਨੌਕਰੀ ਤੋਂ ਵਾਂਝਾ ਰਹਿ ਜਾਂਦਾ ਹੈ | ਸੋਹਣੇ ਮੁਲਕਾਂ ਵਿਚ ਉਥੋਂ ਦੇ ਰਹਿਣ ਵਾਲੇ ਲੋਕਾਂ ਦੇ ਗੋਰੀ ਚਮੜੀ ਪਿੱਛੇ ਛਿਪੇ ਕਾਲੇ ਦਿਲਾਂ ਦੀ ਬਾਤ ਪਾਉਂਦੀ ਕਹਾਣੀ "ਹੂੰ" ਹੈ | ਇਸੇ ਤਰਾਂ੍ਹ ਅੰਤਰ ਸਭਿਆਚਾਰਕ ਪ੍ਰਸਥਿਤੀਆਂ ਵਿਚ ਵਿਦਮਾਨ ਨਸਲੀ ਵਿਤਕਰੇ ਦੀ ਨਾਂਹ ਪੱਖੀ ਭੂਮਿਕਾ ਨੂੰ ਜਰਨੈਲ ਸਿੰਘ ਨੇ "ਪਾਣੀ" ਕਹਾਣੀ ਵਿਚ ਬਿਆਨਿਆ ਹੈ |

ਪ੍ਰਵਾਸੀ ਪੰਜਾਬੀ ਨਿਰੰਤਰ ਤਣਾਅ ਭੋਗਦਾ ਦਿਖਾਈ ਦਿੰਦਾ ਹੈ | ਉਹ ਬਦਲ ਰਹੇ ਮਾਹੌਲ ਅਨੁਸਾਰ ਆਪਣੇ ਆਪ ਨੂੰ ਢਾਲਣ ਦੀ ਕੋਸ਼ਿਸ਼ ਤਾਂ ਕਰਦੇ ਹਨ ਪਰ ਕੋਈ ਵੀ ਤਬਦੀਲੀ ਇਕਦਮ ਨਹੀਂ ਆਉਂਦੀ ਕਿਉਂਕਿ ਆਪਣੀ ਸਭਿਆਚਰਕ ਜਕੜਨ ਉਹਨਾਂ ਨੂੰ ਆਪਣੇ ਨਾਲ ਜੋੜੀ ਰੱਖਦੀ ਹੈ ਅਤੇ ਟੁੱਟਣ ਨਹੀਂ ਦਿੰਦੀ ਅਤੇ ਨਤੀਜਾ ਇਹ ਆਪਣੇ ਸਭਿਆਚਾਰ ਨੂੰ ਬਨਾਉਣ ਲਈ ਨਿਰੰਤਰ ਯਤਨ ਕਰਦੇ ਹਨ | 'ਪਾਣੀ' ਕਹਾਣੀ ਦੀ ਪਾਤਰ ਸੁਖਜੀਤ ਕੌਰ ਕੁਝ ਅਜਿਹੇ ਮਾਹੌਲ ਵਿਚ ਹੀ ਵਿਚਰਦੀ ਹੈ | ਇਸ ਕਹਾਣੀ ਵਿਚ ਪੰਜਾਬੀ ਸਭਿਆਚਾਰ ਨਾਲ ਸੰਬੰਧਤ ਸੱਸ ਸੁਖਜੀਤ ਕੌਰ ਦਾ ਟਕਰਾਉ ਪੱਛਮੀ ਸਭਿਆਚਾਰ ਨਾਲ ਸੰਬੰਧਤ ਨੂੰਹ ਸ਼ੈਰਨ ਨਾਲ ਹੁੰਦਾ ਹੈ | ਮੁੱਖ ਸਭਿਆਚਾਰ ਅਤੇ ਗੌਣ ਸਭਿਆਚਾਰ ਨਾਲ ਸੰਬੰਧਤ ਇਨ੍ਹਾਂ ਧਿਰਾਂ ਦੇ ਆਪਸੀ ਟਕਰਾਉ ਵਿਚੋਂ ਸਭਿਆਚਾਰਕ ਤਨਾਉ ਦੀ ਸਿਰਜਨਾ ਹੁੰਦੀ ਹੈ | ਜਿਸਦੀ ਸ਼ਿਕਾਰ ਕਹਾਣੀ ਦੀ ਮੁੱਖ ਪਾਤਰ ਸੁਖਜੀਤ ਕੌਰ ਕਈ ਵਾਰ ਹੁੰਦੀ ਹੈ |

> "ਤੁਸੀਂ ਗੋਰੇ ਲੋਕ ਸਾਨੂੰ ਇੰਮੀਗਰਾਂਟਾਂ ਨੂੰ ਤਾਂ ਇਹ ਕਹਿੰਦੇ ਆਂ ਪਈ ਅਸੀਂ ਤੁਹਾਡੀ ਕਲਚਰ 'ਚ ਭਿੱਜਦੇ ਨਹੀਂ ਪਰ ਤੁਸੀਂ ਸਾਡੀਆਂ ਕਲਚਰਾਂ 'ਚ ਕਿੰਨੀ ਕੁ ਦਿਲਚਸਪੀ ਲੈਨੇ ਆ |" 3

ਕਨੇਡੀਅਨ ਪੰਜਾਬੀ ਕਹਾਣੀ ਹੁਣ ਪਰਵਾਸੀ ਪੰਜਾਬੀਆਂ ਦੀਆਂ ਸੱਮਸਿਆਵਾਂ ਤੱਕ ਹੀ ਸੀਮਿਤ ਨਹੀਂ ਰਹੀ ਬਲਕਿ ਕਨੇਡੀਅਨ ਸਮਾਜ ਤੇ ਉਸ ਤੋਂ ਵੀ ਅੱਗੇ ਵਿਸ਼ਵ ਮਸਲਿਆਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ | ਇਸਦੀ ਸਰਵੋਤਮ ਮਿਸਾਲ ਜਰਨੈਲ ਸਿੰਘ ਦੀ ਕਹਾਣੀ ਪਾਣੀ ਵੇਖੀ ਜਾ ਸਕਦੀ ਹੈ | ਝੰਡੇ ਨੂੰ ਲੱਗੀ ਮੈਲ ਅਤੇ ਗਰਾਉਂਡ ਜ਼ੀਰੋ ਕਹਾਣੀਆਂ ਵੀ ਨਸਲਵਾਦ ਦੀ ਨਿਸ਼ਾਨਦੇਹੀ ਬਹੁਤ ਹੱਦ ਤੱਕ ਕਰ ਰਹੀਆਂ ਹਨ | 9/11 ਵਾਲੇ ਅਮਰੀਕਾ ਦੇ ਹਾਦਸੇ ਨੇ ਇਕ ਪੰਜਾਬੀ ਸਿੱਖ ਅਤੇ ਮੁਸਲਮਾਨ ਨੂੰ ਇਕੋ ਜਗਾ੍ਹ ਤੇ ਲਿਆ ਕੇ ਖੜਾ ਕਰ ਦਿੱਤਾ ਹੈ |

> "9/11 ਦੀ ਘਟਨਾ ਤੋਂ ਬਾਅਦ ਤਾਂ ਭਾਰਤੀ ਅਤੇ ਪਾਕਿਸਤਾਨੀ ਪੰਜਾਬੀ ਵਿਚਲਾ ਨਸਲੀ ਨਿਖੇੜਾ ਵੀ ਮੁੜ ਭੈੜੀ ਤਰਾਂ੍ਹ ਉਭਰ ਆਇਆ ਹੈ | ਅੱਜ ਦੇ ਸਮਿਆਂ ਦਾ ਇਹ ਇਕ ਇਤਿਹਾਸਕ ਸੱਚ ਹੈ ਕਿ ਪੰਜਾਬੀ ਡਾਇਸਪੋਰਾ ਅਮਰੀਕਾ, ਕਨੇਡਾ, ਇੰਗਲੈਂਡ, ਆਸਟਰੇਲੀਆ ਵਰਗੇ ਬਹੁਸਭਿਆਚਾਰੀ ਮੁਲਕਾਂ ਵਿੱਚ ਵਿਭਿੰਨ ਡਾਇਸਪੋਰਕ ਸਮੂਹਾਂ ਦੇ ਨਾਲ ਵਿਚਰ ਰਿਹਾ ਹੈ | ਇਸ ਵਿਚ ਵੀ ਕੋਈ ਦੋ ਰਾਵਾਂ ਨਹੀਂ ਕਿ ਵਣ-ਵਣ ਦੀ ਲਕੜੀ ਵਾਂਗ ਏਨੇ ਕਿਸਮ ਦੇ ਵਖਰੇਵਿਆਂ ਵਾਲੇ ਸਮਾਜਾਂ ਸਭਿਆਚਾਰਾਂ ਵਿਚ ਆਪਸੀ ਸੰਬੰਧ ਅਤੇ ਸੰਵਾਦ ਏਨੇ ਸਹਿਜ ਅਤੇ ਆਸਾਨ ਨਹੀਂ ਹੁੰਦੇ |" 4

ਅਮਰੀਕੀ ਸਾਮਰਾਜ ਰੰਗਾਂ ਅਤੇ ਧਰਮਾਂ ਦਾ ਨਿਖੇੜਾ ਨਹੀਂ ਕਰ ਪਾ ਰਿਹਾ | ਉਸ ਲਈ ਸਾਡੇ ਪੱਕੇ ਰੰਗ ਦੇ ਲੋਕ (ਭੂਰੇ) ਸ਼ਕ ਦੇ ਘੇਰੇ ਵਿਚ ਆਉਂਦੇ ਹਨ | ਝੰਡੇ ਨੂੰ ਲੱਗੀ ਮੈਲ ਦਾ ਪਾਤਰ ਆਪਣੀ ਕਾਰ ਸਰਵਿਸ ਲਈ ਲੈ ਕੇ ਜਾਂਦਾ ਹੈ ਪਰ ਸਰਵਿਸ ਨੂੰ ਜ਼ਿਆਦਾ ਸਮਾਂ ਲੱਗਣ ਕਰਕੇ ਉਹ ਨਾਲ ਦੇ ਗਾਰਡਨ ਅਤੇ ਮਾਲ ਵਿਚ ਤੁਰ-ਫਿਰ ਕੇ ਆਪਣਾ ਸਮਾਂ ਬਤੀਤ ਕਰਦਾ ਹੈ | ਪਰ ਸੁਰੱਖਿਆ ਗਾਰਦ ਉਸ ਨੂੰ ਆਤੰਕਵਾਦੀ ਸਮਝ ਕੇ ਉਸ ਨੂੰ ਫੜ ਲੈਂਦੇ ਹਨ | ਜੇਕਰ ਇਹ ਅਮਰੀਕੀ ਗੋਰੇ ਉੱਥੋਂ ਦੇ ਮੂਲ ਵਾਸੀ ਰੈਡ ਈਡੀਅਨਜ਼ ਨੂੰ ਖਦੇੜ ਸਕਦੇ ਹਨ ਤਾਂ ਵਿਭਿੰਨ ਡਾਇਸਪੋਰੇ ਕਿਨਾਂ੍ਹ ਹੱਕਾਂ ਕਾਨੂੰਨਾਂ, ਦਾਅਵਿਆਂ ਦੇ ਸਿਰ ਤੇ ਬਰਾਬਰੀ ਦੀ ਮੰਗ ਕਰ ਸਕਦੇ ਹਨ | ਗਰਾਉਂਡ ਜ਼ੀਰੋ ਕਹਾਣੀ ਇਹ ਦਰਸਾ ਰਹੀ ਹੈ | 9/11 ਦੇ ਹਾਦਸੇ ਵਿਚ ਸਿੱਖਾਂ ਦਾ ਬਿਲਕੁਲ ਬੇਕਸੂਰ ਹੋਣ ਦੇ ਬਾਵਜੂਦ ਆਤੰਕਿਤ ਹੋਣਾ ਮਾਨਸਿਕ ਤੌਰ ਤੇ ਇਹਨਾਂ ਨੂੰ ਝੰਜੋੜ ਰਿਹਾ ਹੈ | ਕਹਾਣੀ ਦਾ ਪਾਤਰ ਆਪਣੀ ਮਨੋਸਥਿਤੀ ਨੂੰ ਬਿਆਨ ਕਰਦਾ ਹੈ |

> "ਅੱਜ ਕੱਲ ਸਾਡੇ ਨਾਲ ਇਹ ਹਰ-ਰੋਜ਼ ਵਾਪਰ ਰਿਹਾ ਹੈ | ਮਨਾਂ ਵਿੱਚੋਂ ਇਕ ਖੌਫ਼, ਇਕ ਦਹਿਲ, ਇਕ ਵੈਰਾਗ ਜਿਹਾ ਨਿਕਲ ਹੀ ਨਹੀਂ ਰਿਹਾ | ਇਕ ਹਾਦਸੇ ਨੇ ਸਾਰਾ ਜੀਵਨ ਅਸਤ-ਵਿਅਸਤ ਕਰਕੇ ਰੱਖ ਦਿੱਤਾ | ਹਾਦਸਾ ਵੀ ਇੱਡਾ ਵੱਡਾ ਕਿ ਸ਼ਾਇਦ ਹੀ, ਖੁਰਾਫ਼ਾਤਾਂ ਦੇ ਇਤਿਹਾਸ ਵਿਚ ਪਹਿਲਾਂ ਕਦੇ ਘਟਿਆ ਹੋਵੇ | ਕਿਸੇ ਸ਼ੈਤਾਨ ਮਨ ਨੇ ਇੰਨੀ ਅਤਿ-ਆਧੁਨਿਕ ਖੁਰਾਫ਼ਾਤ ਪਹਿਲਾਂ ਕਦੇ ਨਹੀਂ ਸੋਚੀ ਹੋਣੀ |" 5

ਜਿੱਥੇ ਝੰਡੇ ਨੂੰ ਲੋਕੀ ਮੈਲ ਵਿਚਲਾ ਪਾਤਰ ਆਪਣੇ ਹੱਕਾਂ ਅਤੇ ਕਾਨੂੰਨ ਪ੍ਰਤੀ ਵਾਕਿਫ਼ ਹੈ ਉੱਥੇ ਗਰਾਉਂਡ ਜ਼ੀਰੋ ਵਿਚਲਾ ਪਾਤਰ ਹੀਣਬੋਧ ਦਾ ਸ਼ਿਕਾਰ ਹੁੰਦਾ ਵਿਖਾਇਆ ਗਿਆ ਹੈ | ਰਘੁਬੀਰ ਢੰਡ ਦੀ ਕਹਾਣੀ "ਹੂੰ" ਅਤੇ ਦਰਸ਼ਨ ਧੀਰ ਦੀ ਫਿੱਟਿਆ ਦੁੱਧ ਵੀ ਕੁਝ ਇਸੇ ਤਰਾਂ੍ਹ ਦੀਆਂ ਕਹਾਣੀਆਂ ਹਨ | ਇਹ ਪਾਤਰ ਹੁਣ ਨਸਲੀ ਵਿਤਕਰੇ ਨੂੰ ਨਜ਼ਰ ਅੰਦਾਜ਼ ਕਰਨ ਦੀ ਥਾਂ ਉਸ ਖਿਲਾਫ਼ ਜੰਗ ਲੜਨਾ ਚਾਹੁੰਦੇ ਹਨ | ਇਨਾਂ੍ਹ ਕਹਾਣੀਆਂ ਵਿਚਲੇ ਪਾਤਰ ਬਦਲਾਅ ਨੂੰ ਸੁਭਾਵਕ ਸਮਝਦੇ ਹਨ ਅਤੇ ਇਸਦੀ ਤਹਿ ਹੇਠ ਕਾਰਜਸ਼ੀਲ ਵਿਭਿੰਨ ਰਾਜਨੀਤਿਕ, ਇਤਿਹਾਸਕ, ਆਰਥਿਕ, ਸਮਾਜਿਕ, ਮਾਨਸਿਕ ਸਥਿਤੀ ਤੋਂ ਵੀ ਜਾਗਰੁਕ ਨਜ਼ਰ ਆਉਂਦੇ ਹਨ | ਉਹ ਇਸ ਅੰਤਰਰਾਸ਼ਟਰੀ ਸਮੱਸਿਆ ਦੇ ਸਮਾਧਾਨ ਲਈ ਵੀ ਯਤਨਸ਼ੀਲ ਨਜ਼ਰ ਆਉਂਦੇ ਹਨ | ਇਸੇ ਸੰਦਰਭ ਵਿਚ ਇਕ ਹੋਰ ਕਹਾਣੀ "ਆਪਣਾ ਖੂਹ" ਵੇਖੀ ਜਾ ਸਕਦੀ ਹੈ | ਹਰਜੀਤ ਅਟਵਾਲ ਨੇ ਇਸ ਕਹਾਣੀ ਵਿਚ ਕੇਵਲ ਚੋਢਾ ਨਾਂ ਦੇ ਇਕ ਅਜਿਹੇ ਪਾਤਰ ਦੀ ਬਾਤ ਪਾਈ ਹੈ ਜਿਹੜਾ ਧਰਮਾਂ ਵਿਚ ਬਿਲਕੁਲ ਵੀ ਨਹੀਂ ਵੰਡਿਆ ਹੋਇਆ | ਸਿੱਖ ਹੋਣ ਦੇ ਬਾਵਜੂਦ ਵੀ ਉਹ ਆਪਣੇ ਧਰਮ ਦੀ ਪੈਰਵੀ ਨਹੀਂ ਕਰਦਾ ਬਲਕਿ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ ਅਤੇ ਚਾਹੁੰਦਾ ਹੈ ਕਿ ਉਸਦਾ ਪਰਿਵਾਰ ਵੀ ਇਸ ਸਭ ਨੂੰ ਮੰਨੇ, ਹਾਂਲਾਕਿ ਪਰਿਵਾਰ ਵੱਲੋਂ ਉਸਨੂੰ ਹਾਂ-ਪੱਖੀ ਹੁੰਗਾਰਾ ਮਿਲਦਾ ਹੈ | ਕੇਵਲ ਦੇ ਪੋਤੇ ਦੇ ਪੁੱਛਣ ਤੇ:-

> "ਬਾਬਾ ਜੀ, ਸਾਡੀ ਟੀਚਰ ਕਹਿੰਦੀ ਗੌਡ ਹੈਗਾ, ... ਉਹ ਲਾਈ ਕਰਦੀ ਆ? ... ... ਮਾਈਕਲ ਦਾ ਗੌਡ ਡਿਫਰੈਂਟ ਆ, ਅਬਦੁਲ ਦਾ ਡਿਫਰੈਂਟ, ਵਿਜੇ ਦੀ ਕੋਈ ਲੇਡੀ ਗੌਡ ਆ ਐਂਡ ਆਏ ਗੌਟ ਟੈਨ ਗੌਡ - ਦਾੜੀ ਵਾਲੇ ਬਾਬਾ ਜੀ |" 6

ਪਰ ਕਹਾਣੀ ਉਸ ਵੇਲੇ ਸਿਖਰ ਤੇ ਪਹੁੰਚਦੀ ਹੈ ਜਦੋਂ ਕੇਵਲ ਚੋਢਾ ਚਰਚ ਵਿਚ ਬੱਚਿਆਂ ਨੂੰ ਬਾਈਬਲ ਪੜਦੇ ਵੇਖਦਾ ਹੈ ਤਾਂ ਆਪਣੇ ਧਰਮ ਨੂੰ ਲੈ ਕੇ ਉਸ ਵਿਚ ਇਕ ਅਸੁਰੱਖਿਆ ਦੀ ਭਾਵਨਾ ਪੈਦਾ ਹੁੰਦੀ ਹੈ ਕਿ ਜੇਕਰ ਆਉਣ ਵਾਲੀ ਪੀੜ੍ਹੀ ਨੂੰ ਉਸਦੇ ਧਰਮ ਤੋਂ ਵਾਂਝਾਂ ਰੱਖਿਆ ਤਾਂ ਆਪਣੀ ਹੋਂਦ ਖ਼ਤਮ ਹੋ ਜਾਵੇਗੀ |

"ਚਰਚ ਦੇ ਕਾਰ ਪਾਰਕ ਵਿੱਚ ਇਹਨਾਂ ਦੇ ਸਾਈਕਲ ਪਏ ਦੇਖ ਕੇ ਸੋਚਣ ਲੱਗਿਆ ਕਿ ਕਿੱਥੇ ਗਏ ਹੋਣੇ। ਥੋੜ੍ਹਾ ਹੋਰ ਅਗਾਹ ਹੋਇਆ ਤਾਂ ਦੇਖਿਆ ਕਿ ਇਹ ਨਵਾਂ ਪਾਦਰੀ ਇਹਨਾਂ ਨੂੰ ਬਾਈਬਲ ਪੜ੍ਹਾਉਣ ਲੱਗਾ ਹੋਇਆ। ਮੈਂ ਜਾ ਕੇ ਸੌ ਗਾਲ੍ਹ ਕੱਢੀ ਪਾਦਰੀ ਨੂੰ, ਇੱਕ ਇੱਕ ਇਹਨਾਂ ਦੇ ਸੁੱਟੀ ਤੇ ਕਿਹਾ ਕਿ ਜੇ ਖੂਹ 'ਚ ਹੀ ਡਿੱਗਣਾ ਤਾਂ ਆਪਣੇ 'ਚ ਡਿੱਗੋ।" 7

ਡਾ. ਧਨਵੰਤ ਕੌਰ ਦੀ ਇਹ ਟਿੱਪਣੀ ਇਸ ਕਹਾਣੀ ਤੇ ਪੂਰੀ ਢੁੱਕਦੀਂ ਹੈ।

"ਬਰਤਾਨਵੀ ਪੰਜਾਬੀ ਕਹਾਣੀ ਦਾ ਪਾਠ ਇਹ ਗੱਲ ਦਾ ਜਾਮਨ ਬਣ ਰਿਹਾ ਹੈ ਕਿ ਹਰ ਨਸਲ/ਧਰਮ ਦੇ ਸਮੂਹਿਕ ਅਵਚੇਤਨ ਵਾਂਗ ਪੰਜਾਬੀ ਡਾਇਸਪੋਰੇ ਦਾ ਇਹ ਫਿਕਰ ਤੇ ਚਾਅ ਬੜਾ ਕੁਦਰਤੀ ਤੇ ਸਹਿਜ ਹੈ ਕਿ ਉਹ ਪਰਾਈਆਂ ਧਰਤੀਆਂ ਤੇ ਆਪਣੀਆਂ ਧਾਰਮਕ ਸਨਾਖਤਾਂ ਬਰਕਾਰ ਹੀ ਨਹੀ ਰੱਖਣਾ ਚਾਹੁੰਦਾ, ਸਗੋਂ ਆਪਣੀ ਅਗਲੇਰੀ ਪੀੜ੍ਹੀ ਵਿਚ ਉਸਦੀ ਨਿਰੰਤਰਤਾ ਚਾਹੁੰਦਾ ਹੈ। ਆਪੋ ਆਪਣਾ ਧਰਮ ਹਰ ਇਕ ਨੂੰ ਪਿਆਰਾ ਹੈ ਅਤੇ ਹਰ ਮਜ਼ਹਬ ਨੇ ਆਪਣੇ ਵਸੇਬਿਆਂ ਵਾਲੇ ਮੁਲਕ ਵਿਚ ਧਾਰਮਕ ਸਥਾਨ ਬਣਾਉਣ ਨੂੰ ਤਰਜੀਹ ਦਿੱਤੀ ਹੈ।" 8

ਇੱਕਲੇਪਨ ਦਾ ਅਹਿਸਾਸ ਮਨੁੱਖ ਨੂੰ ਬਹੁਤ ਦੂਰ ਤੱਕ ਲੈ ਜਾਂਦਾ ਹੈ। ਉਹ ਭਾਵੇਂ ਆਪਣਿਆਂ ਤੋਂ ਦੂਰ ਰਹਿ ਕੇ ਮਹਿਸੂਸ ਹੋਵੇ ਜਾਂ ਫਿਰ ਸਭ ਵਿਚ ਰਹਿ ਕੇ ਵੀ ਇਕੱਲਾਪਨ ਹੋਵੇ। ਅਜਿਹੇ ਅਹਿਸਾਸ ਦੀ ਬਾਤ ਪਾਉਂਦੀਆਂ ਕੁਝ ਕਹਾਣੀਆਂ ਇਸ ਕਿਤਾਬ ਵਿਚ ਸ਼ਾਮਲ ਕੀਤੀਆਂ ਗਈਆਂ ਹਨ। ਪਾਣੀ, ਟਾਪੂ, ਉਹ ਰਾਤ, ਜੋਗੀਆ ਦੀ ਧੀ ਇਸੇ ਸੰਦਰਭ ਦੀਆਂ ਕਹਾਣੀਆਂ ਹਨ। ਟਾਪੂ ਵਿਜੋਗੇ ਪਰਵਾਸੀ ਮਨਾਂ ਨੂੰ ਘੁਣ ਵਾਂਗ ਲੱਗੀ ਉਦਾਸੀ ਦੀ ਪੇਸ਼ਕਾਰੀ ਕਰਦੀ ਹੈ। ਵਿਦੇਸ਼ਾਂ ਵਿਚ ਰਹਿੰਦਿਆਂ ਪਰਵਾਸੀ ਮਨਾਂ ਵਿਚ ਪਈ ਇਕੱਲਤਾ ਦੀ ਮਾਨਸਿਕ ਬਿੰਬਕਾਰੀ ਹੈ। ਉਹ ਰਾਤ ਕਹਾਣੀ ਦੀ ਨਾਇਕਾ ਵਿਆਹ ਕਰਵਾ ਕੇ ਇਕੱਲੀ ਪਰਵਾਸ ਧਾਰਦੀ ਹੈ। ਆਪਣੀਆਂ ਇਛਾਵਾਂ ਤੇ ਕਾਬੂ ਪਾਉਂਦੀ ਉਹ ਪੱਕੇ ਹੋਣ ਦੇ ਇੰਤਜ਼ਾਰ ਵਿਚ ਹੈ। ਆਪਣਿਆਂ ਤੋਂ ਦੂਰ ਵੀ ਉਹ ਇਕੱਲੀ ਸੀ ਅਤੇ ਆਪਣਿਆਂ ਦੇ ਆਉਣ ਤੇ ਵੀ ਉਹ ਇਕੱਲੀ ਹੀ ਮਹਿਸੂਸ ਕਰਦੀ ਹੈ।

"ਮੈਂ ਅਮਨ ਦਾ ਹੱਥ ਫੜ ਕੇ ਉਸ ਨੂੰ ਪਾਰਕ ਦੇ ਉਸ ਹਿੱਸੇ ਵੱਲ ਲੈ ਤੁਰੀ। ਮੈਂ ਜਿੰਵੇਂ ਉੱਡ ਰਹੀ ਹੋਵਾਂ। ਚਾਅ ਵਿਚ ਮਰੂਰੀ/ਮਖ਼ਰੂਰੀ ... ਅਮਨੇ ਮੇਰੇ ਮਿੱਠੇ, ਆਪਣੀ ਉਹ ਖੇਤਾਂ ਵਿਚਲੇ ਘਰ ਵਾਲੀ ਰਾਤ। ... ਤੈਨੂੰ ਚੇਤੈ ... ਕੁਝ ਦੇਰ ਇਸੇ ਤਰਾਂ੍ਹ ਖੜ੍ਹੀ ਰਹਿਣ ਤੋਂ ਬਾਅਦ ਮੈਂ ਆਪ ਹੀ ਅਮਨ ਵੱਲ ਦੇਖਿਆ। ਉਹ ਦਰਖੱਤਾਂ ਦੇ ਝੁੰਡਾ ਵੱਲ ਦੇ ਰਿਹਾ ਸੀ।" 9

ਪੰਜਾਬੀਆਂ ਨੇ ਲੜਕੀਆਂ ਦੇ ਜ਼ਰੀਏ ਬਾਹਰ ਆਉਣ ਦਾ ਇਕ ਨਵਾਂ ਰਾਹ ਲੱਭ ਲਿਆ ਹੈ। ਪੜ੍ਹੀ ਲਿਖੀ ਕੁੜੀ ਨੂੰ ਆਈ ਲੈਟਸ (IELTS) ਕਰਵਾ ਕੇ ਉਸਦੇ ਸਹੁਰੇ ਸਾਰਾ ਪੈਸਾ ਲਾ ਕੇ ਬਾਹਰਲੇ ਮੁਲਕ ਭੇਜਦੇ ਹਨ। ਜਿਸ ਨਾਲ ਉਹਨਾਂ ਦਾ ਲੜਕਾ ਅਤੇ ਸਾਰਾ ਪਰਿਵਾਰ ਪਰਾਈ ਧਰਤੀ ਦੇ ਸੁਪਨੇ ਜਿਹੜੇ ਉਹ ਸ਼ੁਰੂ ਤੋਂ ਦੇਖਦੇ ਆ ਰਹੇ ਹੁੰਦੇ ਹਨ, ਉੱਥੇ ਪਹੁੰਚ ਜਾਂਦੇ ਹਨ। ਜਿਸ ਨਾਲ ਪੰਜਾਬੀਆਂ ਦੇ ਕੁਝ ਮਸਲੇ ਸੁਲਝੇ ਅਤੇ ਕੁਝ ਉਲਝ ਕੇ ਹੀ ਰਹਿ ਗਏ ਹਨ। ਜੋਗੀਆਂ ਦੀ ਧੀ ਕਹਾਣੀ ਦੀ ਮੁੱਖ ਪਾਤਰ ਬਚਪਨ ਤੋਂ ਹੀ ਭਟਕਣਾ ਵਿਚ ਪਈ ਹੋਈ ਦਿਖਾਈ ਗਈ ਹੈ। ਬਚਪਨ ਤੋਂ ਹੀ ਜੋਗੀਆਂ ਦੀ ਧੀ ਹੋਣ ਦਾ ਲੇਬਲ ਉਸ ਉਪੱਰ ਲੱਗ ਜਾਂਦਾ ਹੈ। ਇੰਗਲੈਂਡ ਪਹੁੰਚ ਕੇ ਸਚਮੁੱਚ ਜੋਗੀਆਂ ਵਾਂਗ ਭਟਕਣ ਲਈ ਮਜ਼ਬੂਰ ਹੋ ਜਾਂਦੀ ਹੈ। ਇਹ ਕਹਾਣੀ ਇੰਗਲੈਂਡ ਵਿਚ ਇਕੱਲੀ ਕਾਰੀ ਔਰਤ ਦੀ ਕਿਰਾਏ ਦੀ ਰਿਹਾਇਸ਼ ਉਪੱਰ ਉਸ ਦੀ ਸੁਰੱਖਿਆ ਨਾਲ ਜੁੜੇ ਮਸਲੇ ਨੂੰ ਬਿਆਨਦੀ ਹੈ। ਦੁਨੀਆਂ ਵਿਚ ਮੰਨੇ ਪ੍ਰਮੰਨੇ ਅਤੇ ਅਗਾਂਹਵਧੂ ਦੇਸ਼ ਦੇ ਨਾਗਰਿਕ ਇਖ਼ਲਾਕੀ ਤੌਰ ਤੇ ਇਸ ਹੱਦ ਤੱਕ ਗਿਰ ਚੁੱਕੇ ਹਨ। ਇਹ ਕਿਹਾਣੀ ਪਾਠਕ ਨੂੰ ਕੁਝ ਅਜਿਹੇ ਹੀ ਤੱਤਾਂ ਦੇ ਰੂ ਬ ਰੂ ਕਰਵਾਉਂਦੀ ਹੈ। ਉਪਭੋਗਵਾਦੀ ਸੰਸਾਰ ਵਿਚ ਸਮਾਜ ਅੰਦਰ ਲੋਕਾਂ ਵਿਚ ਸੈਕਸ ਦੀ ਪ੍ਰਬਲ ਹੋ ਰਹੀ ਰੁਚੀ ਨੂੰ ਇਸ ਕਹਾਣੀ ਦੀਆਂ ਛੋਟੀਆਂ ਛੋਟੀਆਂ ਘਟਨਾਵਾਂ ਰਾਂਹੀ ਦਰਸ਼ਾਇਆ ਗਿਆ ਹੈ। ਵੀਨਾ ਵਰਮਾ ਨੇ ਇਸ ਕਹਾਣੀ ਵਿਚ ਕਈ ਥਾਵਾਂ ਤੇ ਰੰਗੀਨ ਦੁਨੀਆਂ ਹੇਠ ਛੁਪੇ ਖਲਾਅ ਅਤੇ ਇਕੱਲ ਦੀ ਤੜਪ ਨੂੰ ਇਕ ਸੁਚੱਜੇ ਢੰਗ ਨਾਲ ਪੇਸ਼ ਕੀਤਾ ਹੈ।

ਜਦੋਂ ਅਸੀਂ ਸੁਰਿੰਦਰ ਸੋਹਲ ਦੀ ਕਹਾਣੀ 'ਸ਼ੀਸ਼ੇ ਤੇ ਜੰਮੀ ਬਰਫ਼' ਨੂੰ ਦੇਖਦੇ ਹਾਂ ਤਾਂ ਸਾਨੂੰ ਪਤਾ ਚਲਦਾ ਹੈ ਕਿ ਕਹਾਣੀ ਵਿਚਲੇ ਪਾਤਰ ਨਾਲ ਵਿਦੇਸ਼ ਵਿਚ ਬਹੁਤ ਠੱਗੀਆਂ ਹੋਈਆਂ ਹਨ। ਇਸ ਸਭ ਦੇ ਬਾਵਜੂਦ ਗੌਰੇ ਦੇ ਬਟੂਏ ਦਾ ਉਸਦੀ ਗੱਡੀ ਵਿਚ ਰਹਿ ਜਾਣਾ ਜਿਸ ਵਿਚ ਸੈਂਕੜੇ ਡਾਲਰ ਹਨ ਜਿਸ ਨਾਲ ਉਹ ਆਪਣੀਆਂ ਤੰਗੀਆਂ ਤੁਰਸ਼ੀਆਂ ਦੂਰ ਕਰ ਸਕਦਾ ਹੈ। ਪਰ ਉਹ ਅਜਿਹਾ ਨਹੀਂ ਕਰਦਾ। ਕਹਾਣੀਕਾਰ ਬੜੀਆਂ ਹੀ ਸੂਖਮ ਛੋਹਾ ਅਤੇ ਸੱਚੇ ਮਾਨਵੀਂ ਤਰਕਾਂ ਨਾਲ ਉਸ ਨੂੰ ਇਸ ਸਭ ਤੋਂ ਉਪੱਰ ਖਿੱਚ ਲੈਂਦਾ ਹੈ। ਅੱਜ ਦਾ ਮਨੁੱਖ ਬੇਸ਼ਕ ਭੱਜ ਦੌੜ ਅਤੇ ਬੇਈਮਾਨੀ ਵਿਚ ਤੁਰਿਆ ਜਾ ਰਿਹਾ ਹੈ। ਪਰ ਉਸ ਪਾਤਰ ਦੀਆਂ ਉਚੀਆਂ ਵਿਰਾਸਤੀ ਸੂਝਾਂ-ਸਿਆਣਪਾਂ ਉਸਦੇ ਮਾਨਸਿਕ ਅਵਚੇਤਨ ਨੂੰ ਬਲ ਦਿੰਦੀਆਂ ਹਨ। ਇਹ ਕਹਾਣੀ ਮਨੁੱਖ ਅੰਦਰ ਦੀ ਉਦਾਂੱਤ ਮਾਨਸਿਕਤਾ ਤੇ ਈਮਾਨਦਾਰ ਮਾਨਵੀਂ ਚਰਿਤਰ ਦਾ ਅਨੂਠਾ ਵਿਵੇਕ ਸਿਰਜ ਰਹੀ ਹੈ।

"ਗੱਡੀ ਵਿਚੋਂ ਉਤਰਨ ਤੋਂ ਪਹਿਲਾਂ ਮੈਂ ਪੱਟ ਹੇਠੋਂ ਬਟੂਆ ਕੱਢਿਆ ਤੇ ਗੋਰੇ ਵੱਲ ਬਟੂਆ ਕਰਕੇ ਕਿਹਾ, ਤੁਹਾਡਾ ਬਟੂਆ।" 10

ਇਸ ਕਹਾਣੀ ਦੇ ਪਾਤਰ ਨਾਲ ਜੋ ਕੁਝ ਵੀ ਵਾਪਰਦਾ ਹੈ ਉਹ 9/11 ਦੇ ਹਾਦਸੇ ਵਜੋਂ ਵਾਪਰ ਰਿਹਾ ਹੈ। ਇਹ ਤ੍ਰਾਸਦੀ ਕਿਸੇ ਇਕ ਦੀ ਨਹੀਂ ਬਲਕਿ ਸਮੁੱਚੇ ਅਮਰੀਕੀ ਪਰਵਾਸੀ ਦੀ ਹੈ। ਡਾ. ਬਲਕਾਰ ਸਿੰਘ ਦੇ ਸ਼ਬਦਾਂ ਵਿਚ:-

"ਆਪਣੇ ਮਾਨਵੀਂ ਸਰੋਕਾਰਾਂ ਨਾਲ ਲਬਰੇਜ਼ ਇਹ ਆਤਮ ਰੰਗ-ਨਸਲ, ਸਭਿਆਚਾਰਕ ਵਖਰੇਂਵੇ ਅਤੇ 9/11 ਦੇ ਆਤੰਕ 'ਚ ਘਿਰਿਆ ਆਪਣੇ ਆਪ ਨੂੰ ਨਿਰੰਤਰ 5xile ਮਨੁੱਖ ਵਜੋਂ ਵੇਖਦਾ ਹੈ। ਜਿਸ ਕੋਲ ਖੁਸ਼ੀਆਂ ਨਾਲੋਂ ਪੀੜਾ ਦੀ ਪੰਡ ਭਾਰੀ ਹੈ। ਇਹ ਅਸਹਿ ਦਰਦ ਵਿਚੋਂ ਇਹ ਕਹਾਣੀਆਂ ਨਿਰੇ ਬਿਰਤਾਂਤ ਹੀ ਨਹੀਂ ਸਗੋਂ ਇਕ ਚਿੰਤਨੀ ਪ੍ਰਕਿਰਿਆ ਅਤੇ ਪੰਜਾਬੀ ਡਾਇਸਪੋਰੇ ਨੂੰ ਅਮਰੀਕੀ ਸਥਿਤੀਆਂ ਵਿੱਚ ਥਿਊਰਾਈਜ਼ ਕਰਨਾ ਵੀ ਹੈ।"11

ਮੁਰਗਾਬੀਆਂ ਕਹਾਣੀ ਨੂੰ ਗੁਰਮੀਤ ਪਨਾਗ ਨੇ ਇਕ ਵੱਖਰੇ ਨਜ਼ਰੀਏ ਤੋਂ ਬਿਆਨ ਕੀਤਾ ਹੈ। ਇਸ ਕਹਾਣੀ ਵਿਚਲੀ ਨਾਇਕਾ ਰੈਡ ਇੰਡੀਅਨਜ਼ ਦੇ ਇਲਾਕੇ ਵਿਚ ਜਾਂਦੀ ਹੈ। ਉਹ ਆਪਣੇ ਪਰਿਵਾਰ ਸਮੇਤ ਉਹਨਾਂ ਦੇ ਮੇਲੇ ਅਤੇ ਡਾਂਸ ਵਿਚ ਆਪਣਿਆਂ ਵਾਂਗ ਸ਼ਿਰਕਤ ਕਰਦੀ ਹੈ। ਉਸਨੂੰ ਉਹਨਾਂ ਦੇ ਦੁੱਖ ਸੁੱਖ ਵਿਚ ਦਿਲਚਸਪੀ ਹੈ ਅਤੇ ਉਹ ਵੀ ਕਹਾਣੀ ਦੀ ਨਾਇਕਾ ਨਾਲ ਆਪਣਿਆਂ ਵਰਗਾ ਵਤੀਰਾ ਹੀ ਕਰਦੇ ਹਨ। ਪਰਮਜੀਤ ਜੱਜ ਦੁਆਰਾ ਕਹੀ ਗੱਲ ਨੂੰ ਇੱਥੇ ਬਿਆਨ ਕੀਤਾ ਜਾ ਸਕਦਾ ਹੈ।

"ਪਰਵਾਸੀ ਪੰਜਾਬੀਆਂ ਦਾ ਸੰਕਟ ਮੁੱਖ ਤੌਰ ਤੇ ਉਹਨਾਂ ਦੇ ਸਮਾਜਿਕ ਅਤੇ ਸਭਿਆਚਾਰਕ ਅਮਲ ਵਿਚ ਆਪ ਮੁਹਾਰੇ ਆ ਰਹੇ ਪਰਿਵਰਤਨ ਕਰਕੇ ਪੈਦਾ ਹੋਇਆ ਹੈ। ਇਹ ਇਕ ਅੰਤਰਮੁਖੀ ਸੋਚ ਹੈ। ਇਸ ਤੋਂ ਇਹ ਨਤੀਜਾ ਵੀ ਕੱਢਿਆ ਜਾ ਸਕਦਾ ਹੈ ਕਿ

ਤਬਦੀਲੀ ਦੇ ਕਾਰਨ ਹੋ ਰਹੇ ਦਵੰਦ ਦਰਅਸਲ ਸੋਚਣ ਦੇ ਢੰਗ 'ਤੇ ਆਧਾਰਿਤ ਹਨ। ਜੇਕਰ ਇਸ ਪਰਿਵਰਤਨ ਨੂੰ ਸਾਕਾਰਾਤਮਕ ਰਵੱਈਏ ਨਾਲ ਸਮਝਿਆ ਜਾਵੇ ਤਾਂ ਹੋ ਸਕਦਾ ਹੈ ਕਿ ਸੰਕਟ ਖ਼ਤਮ ਹੋ ਜਾਵੇ। ਪਰ ਇਸ ਲਈ ਸਮੂਹਿਕ ਤਿਆਰੀ ਬਹੁਤ ਜ਼ਰੂਰੀ ਹੈ। ਜੇਕਰ ਇਹ ਨਜ਼ਰੀਆ ਬਣਾ ਲਿਆ ਜਾਵੇ ਕਿ ਪਰਿਵਰਤਨ ਨਾਲ ਪੰਜਾਬੀਆਂ ਦੀ ਪਛਾਣ ਖਤਰੇ ਵਿਚ ਨਹੀਂ ਪਵੇਗੀ ਤਾਂ ਨਵੇਂ ਸਮਾਜਿਕ ਅਤੇ ਸਭਿਆਚਾਰਕ ਅਮਨ ਦੀ ਸਥਾਪਨਾ ਹੋ ਸਕਦੀ ਹੈ।" 12

ਪਰਵਾਸ ਦੀ ਪਰਵਾਜ਼ ਦੇ ਸੰਪੂਰਨ ਅਧਿਐਨ ਅਤੇ ਉਸਦਾ ਸਭਿਆਚਾਰਕ, ਮਨੋਵਿਗਿਆਨਕ ਅਤੇ ਅੰਤਰਰਾਸ਼ਟਰੀ ਪੱਧਰ ਤੇ ਵਿਸ਼ਲੇਸ਼ਣ ਕਰਨ ਉਪਰੰਤ ਇਹੀ ਗੱਲ ਨਿਕਲਕੇ ਸਾਹਮਣੇ ਆਉਂਦੀ ਹੈ ਕਿ ਇਸ ਸੰਗ੍ਰਹਿ ਵਿਚਲੀਆਂ ਸਾਰੀਆਂ ਕਹਾਣੀਆਂ ਪਰਵਾਸੀ ਪੰਜਾਬੀ ਸਮੁਦਾਇ ਨੂੰ ਦਰਪੇਸ਼ ਵਿਭਿੰਨ ਮਸਲਿਆਂ ਦੀ ਬਾਖੂਬੀ ਪੇਸ਼ਕਾਰੀ ਕਰਦੀਆਂ ਹੋਈਆਂ ਨਵੀਨ ਵਿਚਾਰਧਾਰਾਈ ਦਿਸੱਹਦਿਆਂ ਤੇ ਦ੍ਰਿਸ਼ਟੀ ਨੂੰ ਵੀ ਅੰਗੀਕਾਰ ਕਰਦੀਆਂ ਹਨ। ਪਰਵਾਸ ਦੀ ਪਰਵਾਜ਼ ਸੰਪਾਦਿਤ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਸੱਚੇ ਸੁੱਚੇ ਅਤੇ ਸਾਂਭਣਯੋਗ ਵਿਰਾਸਤੀ ਖਜਾਨਿਆਂ ਨੂੰ ਹਰ ਤਰੀਕੇ ਨਾਲ ਸਾਂਭਣ ਅਤੇ ਛੱਡੇ ਜਾਣ ਵਾਲੇ ਖਿਆਲਾਤਾਂ ਵਿਚ ਵਿਖਾਈ ਪਹਿਲਕਦਮੀ ਦਾ ਅਕੁੱਟ ਪ੍ਰਮਾਣ ਹਨ।

## ਹਵਾਲੇ ਅਤੇ ਟਿਪੱਣੀਆਂ:

1. ਪਰਵਾਸ ਦੀ ਪਰਵਾਜ਼, ਡਾ. ਧਨਵੰਤ ਕੌਰ (ਸੰਪਾ), ਨੈਸ਼ਨਲ ਬੁੱਕ ਟਰੱਸਟ, ਦਿੱਲੀ, 2021 ਪੰਨਾ-40
2. ਹਰਚੰਦ ਸਿੰਘ ਬੇਦੀ, ਪਾਠ ਤੇ ਪ੍ਰਸੰਗ : ਪਰਵਾਸੀ ਪੰਜਾਬੀ ਕਹਾਣੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1998, ਪੰਨਾ-170
3. ਪਰਵਾਸ ਦੀ ਪਰਵਾਜ਼, ਡਾ. ਧਨਵੰਤ ਕੌਰ (ਸੰਪਾ), ਨੈਸ਼ਨਲ ਬੁੱਕ ਟਰੱਸਟ, ਦਿੱਲੀ, 2021, ਪੰਨਾ-46
4. ਡਾਇਸਪੋਰਾ ਸਿਧਾਂਤ ਅਤੇ ਪੰਜਾਬੀ ਕਹਾਣੀ, ਡਾ. ਧਨਵੰਤ ਕੌਰ, ਆਰਸੀ ਪਬਲਿਸ਼ਰਜ਼, ਦਿੱਲੀ, 2018, ਪੰਨਾ-161
5. ਪਰਵਾਸ ਦੀ ਪਰਵਾਜ਼, ਡਾ. ਧਨਵੰਤ ਕੌਰ (ਸੰਪਾ) ਨੈਸ਼ਨਲ ਬੁੱਕ ਟਰੱਸਟ, ਦਿੱਲੀ, 2021, ਪੰਨਾ-63
6. ਉਹੀ, ਪੰਨਾ-89
7. ਉਹੀ, ਪੰਨਾ-93
8. ਡਾਇਸਪੋਰਾ ਸਿਧਾਂਤ ਅਤੇ ਪੰਜਾਬੀ ਕਹਾਣੀ, ਡਾ. ਧਨਵੰਤ ਕੌਰ, ਆਰਸੀ ਪਬਲਿਸ਼ਰਜ਼, ਦਿੱਲੀ, 2018, ਪੰਨਾ-111
9. ਪਰਵਾਸ ਦੀ ਪਰਵਾਜ਼, ਡਾ. ਧਨਵੰਤ ਕੌਰ (ਸੰਪਾ), ਨੈਸ਼ਨਲ ਬੁੱਕ ਟਰੱਸਟ, ਦਿੱਲੀ, 2021 ਪੰਨਾ-163
10. ਉਹੀ, ਪੰਨਾ 151
11. ਡਾਇਸਪੋਰਾ ਅਤੇ ਪੰਜਾਬੀ ਬਿਰਤਾਂਤ, ਡਾ. ਬਲਕਾਰ ਸਿੰਘ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2007, ਪੰਨਾ-34
12. ਪਰਵਾਸੀ ਪੰਜਾਬੀ ਇਤਿਹਾਸਕ ਤੇ ਸਮਾਜਕ ਸੰਦਰਭ, ਪਰਮਜੀਤ ਸਿੰਘ ਜੱਜ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2005, ਪੰਨਾ-196